# ਮਾਰਟਿਨਡੇਲ ਭੋਂ ਦੀ ਵਰਤੋਂ ਦੀ ਪੁਨਰਰਚਣਾ (redesignation)

## ਜੋ ਕੁਝ ਅਸਾਂ ਸੁਣਿਆ, ਉਸ ਦਾ ਸੰਖੇਪ

**August 2017**

**ਮਾਰਟਿਨਡੇਲ ਕਮਿਊਨਿਟੀ ਕਨਸੱਲਟੇਸ਼ਨ ਪਰੋਸੈੱਸ-ਅਗੱਸਤ 2017**

| | |
|---|---|
| ਜਾਣਕਾਰੀ ਦੇ ਸੈਸ਼ਨ: | 15 ਅਗੱਸਤ . 5 ਵਜੇ ਤੋਂ 8 ਵਜੇ ਸ਼ਾਮ ਤੀਕ (ਹਾਜ਼ਰ ਹੋਣ ਵਾਲਿਆਂ ਦੀ ਗਿਣਤੀ 407) |
| | 17 ਅਗੱਸਤ, 11 ਵਜੇ ਸਵੇਰ ਤੋਂ 3 ਵਜੇ ਬਆਦ ਦੁਪਹਿਰ ਤੀਕ (ਹਾਜ਼ਰ ਹੋਣ ਵਾਲਿਆਂ ਦੀ ਗਿਣਤੀ 87) |
| ਔਨਲਾਈਨ | 10-20 ਅਗੱਸਤ, 2017 (ਸਾਈਟ ਨੂੰ ਵੇਖਣ ਵਾਲੇ 185, ਉੱਤਰ ਦੇਣ ਵਾਲੇ 16) |

12 ਜੂਨ, 2017 ਨੂੰ ਹੋਈ ਕੌਂਸਲ ਦੀ ਸਾਂਝੀ ਮੀਟਿੰਗ ਵਿਖੇ, ਕੌਂਸਲ ਨੇ ਪ੍ਰਸ਼ਾਸਨ ਨੂੰ ਹਦਾਇਤ ਦਿੱਤੀ ਸੀ ਕਿ ਮਾਰਟਿਨਡੇਲ ਵਿਖੇ ਭੋਂ ਦੀ ਵਰਤੋਂ ਦੀ ਪੁਨਰਰਚਣਾ (redesignation) ਬਾਰੇ ਪਹਿਲੀ ਰੀਡਿੰਗ ਪਿੱਛੋਂ ਅਧਿਕ ਮਸ਼ਵਰਾ ਕੀਤਾ ਜਾਵੇ ਜਿਸ ਨਾਲ ਅਟੇਨੇਬਲ ਹੋਮਜ਼ (Attainable Homes) ਵੱਲੋਂ ਬਹੁ-ਰਿਹਾਇਸ਼ੀ ਵਿਕਾਸ ਕਰਨ ਦੀ ਆਗਿਆ ਮਿਲ ਜਾਵੇਗੀ। ਸਿਟੀ ਆਫ਼ ਕੈਲਗਰੀ ਅਤੇ ਮਾਰਟਿਨਡੇਲ, ਤਾਰਾਡੇਲ ਅਤੇ ਸੈਡਲ ਰਿੱਜ ਦੇ ਭਾਈਚਾਰਿਆਂ ਵਿਚਕਾਰ ਸੰਬੰਧ ਮਜ਼ਬੂਤ ਕਰਨ ਲਈ ਇਹ ਇੱਕ ਮੌਕਾ ਸੀ। ਯੋਜਨਾਬੰਦੀ ਦੇ ਅਮਲ ਬਾਰੇ ਜਾਣਕਾਰੀ ਸਾਂਝੀ ਕਰਕੇ ਅਤੇ ਸ਼ਹਿਰੀਆਂ ਦੇ ਸਰੋਕਾਰਾਂ ਨੂੰ ਸੁਣ ਕੇ ਕਮਿਊਨਿਟੀ ਪਲੈਨਿੰਗ ਦਾ ਅਮਲਾ ਅਜਿਹੇ ਸਰੋਕਾਰਾਂ, ਜਿਹੜੇ ਪਰੋਜੈਕਟ ਦੇ ਵਿਕਾਸ ਪੜਾਅ ਦੌਰਾਨ ਲੋਕ ਪੇਸ਼ ਕਰਨਗੇ, ਨੂੰ ਬੇਹਤਰ ਸਮਝੇਗਾ ।

ਇਸ ਮਸ਼ਵਰੇ ਨੇ ਹਿੱਤ ਰੱਖਣ ਵਾਲਿਆਂ ਨੂੰ ਸਿਟੀ ਦੀ ਯੋਜਨਾਬੰਦੀ ਦੇ ਅਮਲ ਨੂੰ ਜਾਣਨ ਲਈ ਅਤੇ ਆਪਣੇ ਸਰੋਕਾਰਾਂ ਨੂੰ ਸਾਂਝੇ ਕਰਨ ਦਾ ਹੋਰ ਢੰਗ ਪਰਦਾਨ ਕਰਨ ਵਾਸਤੇ ਅਧਿਕ ਮੌਕਾ ਮੁਹੱਈਆ ਕੀਤਾ ਸੀ। ਕਿਉਂਕ ਜੂਨ ਵਿੱਚ ਕੀਤੀ ਗਈ ਜਨਤਕ ਸੁਣਵਾਈ ਦੌਰਾਨ ਭੋਂ ਦੀ ਵਰਤੋਂ ਦੀ ਪੁਨਰਰਚਣਾ ਬਾਰੇ ਤਜਵੀਜ਼ ਨੂੰ ਕੌਂਸਲ ਵੱਲੋਂ ਪਹਿਲੀ ਰੀਡਿੰਗ ਦਿੱਤੀ ਜਾ ਚੁਕੀ ਸੀ, ਪ੍ਰਸ਼ਾਸਨ ਨੇ 11 ਸਤੰਬਰ, 2017 ਨੂੰ ਹੋਣ ਵਾਲੀ ਕੌਂਸਲ ਦੀ ਮੀਟਿੰਗ ਦੌਰਾਨ ਕੀ ਆਸ ਰੱਖੀ ਜਾਵੇ ਬਾਰੇ ਜਾਣਕਾਰੀ ਦਿੱਤੀ ਸੀ।

ਜਦੋਂ ਪਾਰਕਿੰਗ, ਟਰਾਂਜ਼ਿਟ ਅਤੇ ਟ੍ਰੈਫਿਕ ਸਰੋਕਾਰਾਂ ਨੂੰ ਸੰਬੋਧਤ ਹੋਣ ਲਈ ਪ੍ਰਸ਼ਾਸਨ ਨੂੰ ਹੱਤ ਰੱਖਣ ਵਾਲਿਆਂ ਅਤੇ ਮਾਰਟਿਨਡੇਲ, ਤਾਰਾਡੇਲ ਅਤੇ ਸੈਡਲ ਰਿੱਜ ਦੇ ਭਾਈਚਾਰਿਆਂ ਨਾਲ ਮਿਲਕੇ ਕੰਮ ਕਰਨ ਲਈ ਕਿਹਾ ਗਿਆ ਸੀ ਤੋਂ ਪੈਦਾ ਹੋਏ ਮਤੇ ਦੇ ਹਿੱਸੇ ਵਜੋਂ ਪਾਰਕਿੰਗ ਅਤੇ ਟ੍ਰੈਫ਼ਿਕ ਸੰਬੰਧੀ ਸਰੋਕਾਰਾਂ ਬਾਰੇ ਫੀਡਬੈਕ ਇਕੱਤਰ ਕੀਤੀ ਗੀ ਸੀ। ਪ੍ਰਸ਼ਾਸਨ 2018 ਸਾਲ ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਪੈਦਾ ਹੋਏ ਮਤੇ ਬਾਰੇ ਵਾਪਸ ਰਿਪੋਰਟ ਕਰੇਗਾ।

**ਜਾਣਕਾਰੀ ਦੇ ਸੈਸ਼ਨਾਂ ਦੀ ਵਿਉਂਤ:**

ਦੋ ਡਰਾਪ-ਇੰਨ ਸੈਸ਼ਨ ਹੋਣਗੇ ਜਿੰਨ੍ਹਾਂ ਵਿੱਚ ਜਾਣਕਾਰੀ ਨੂੰ ਵੇਖਣ ਅਤੇ ਮੇਜ਼ਾਂ ਦੁਆਲੇ ਬੈਠ ਕੇ ਗੱਲਬਾਤ ਕਰਨ ਲਈ ਗੈਲਰੀ ਵਿੱਚ ਜਾਣਾ ਸ਼ਾਮਲ ਹਨ। ਸੈਸ਼ਨ ਸ਼ਾਮ ਨੂੰ ਅਤੇ ਦਿਨ ਸਮੇਂ, ਦੋ ਵੱਖ ਵੱਖ ਸਮੇਂ ਪੇਸ਼ ਕੀਤੇ ਗਏ ਸਨ। ਅਟੇਨੇਬਲ ਹੋਮਜ਼ ਬਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਅਰਜ਼ੀ ਦੇਣ ਵਾਲਾ ਵੀ ਹਾਜ਼ਰ ਸੀ। ਫੀਡਬੈਕ ਦੋ ਰੂਪਾਂ ਵਿੱਚ ਇਕੱਤਰ ਕੀਤੀ ਗਈ ਸੀ:

1. ਕੌਂਸਲ ਵੱਲੋਂ ਪ੍ਰਸ਼ਾਸਨ ਨੂੰ ਭੇਜਣ ਸੰਬੰਧਤ ਸਹਾਇਤਾ ਸਹਿਤ ਗੱਲਬਾਤ ਲਈ ਟੇਬਲ ਗਰੁੱਪ (ਸਹਾਇਤਾ ਪਰਦਾਨ ਕਰਨ ਵਾਲਾ, ਦੁਭਾਸ਼ੀਏ ਅਤੇ ਵਿਸ਼ੇ ਦੇ ਮਾਹਰ)
2. ਵਿਸੇਸ਼ ਤੌਰਤੇ ਪੈਦਾ ਹੋਣ ਵਾਲੇ ਮਤੇ ਸੰਬੰਧੀ ਫੀਡਬੈਕ ਦੇਣ ਦੇ ਫ਼ਾਰਮ

ਭਾਈਚਾਰਿਆਂ ਦੇ ਮੈਂਬਰਾਂ ਲਈ ਪੰਜਾਬੀ, ਉਰਦੂ ਅਤੇ ਟੈਗਾਲੌਗ ਵਿੱਚ ਅਨੁਵਾਦ ਕਰਨ ਲਈ ਦੁਭਾਸ਼ੀਏ ਉਪਲਬਧ ਸਨ। ਅੰਗਰੇਜ਼ੀ ਤੋਂ ਇਲਾਵਾ, ਇਸ ਇਲਾਕੇ ਵਿੱਚ ਇਹ ਤਿੰਨ ਭਾਸ਼ਾਵਾਂ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਮੰਨੀਆਂ ਗੱਈਆਂ ਹਨ।

## (Page 2)

## ਜੋ ਕੁਝ ਅਸਾਂ ਸੁਣਿਆ ਸੀ

ਟੇਬਲ ਰੂਪ ਵਿਚਲੀ ਸਾਰੀ ਫੀਡਬੈਕ ਦੀ ਨਜ਼ਰਸਾਨੀ ਕੀਤੀ ਗਈ ਅਤੇ ਭਾਈਚਾਰੇ ਵੱਲੋਂ ਸਾਂਝੇ ਕੀਤੇ ਗਏ ਵੱਖ ਵੱਖ ਵਿਚਾਰਾਂ ਦਾ ਸੰਖੇਪ ਤਿਆਰ ਕੀਤਾ ਗਿਆ ਹੈ। ਉੱਚ-ਪੱਧਰੇ ਥੀਮ ਸਿਰਜਣ ਵਾਸਤੇ ਫੀਡਬੈਕ ਦੀ ਵਰਤੋਂ ਕੀਤੀ ਗਈ ਸੀ। ਵੱਖ ਵੱਖ ਵਿਚਾਰਾਂ ਰਾਹੀਂ ਉਤਪੰਨ ਹੋਏ ਥੀਮ ਇਹ ਹਨ:

| ਉੱਚ-ਪੱਧਰੇ ਥੀਮ | ਉਦਾਹਰਨ | ਸਿਟੀ ਵੱਲੋਂ ਉੱਤਰ |
|---|---|---|
| ਜਗ੍ਹਾ ਦੀ ਵਰਤੋਂ | ਉੱਤਰ ਦੇਣ ਵਾਲੇ ਕਈ ਵਿਅਕਤੀਆਂ ਨੂੰ ਹਰਿਆਵਲ ਘਟ ਜਾਣ ਦੀ ਚਿੰਤਾ ਸੀ | ਰੀਕ੍ਰੀਏਸ਼ਨ ਵੱਲੋਂ ਨਿਰਣਾ ਕੀਤਾ ਗਿਆ ਸੀ ਕਿ 2014 ਵਿੱਚ ਇਹ ਪਾਰਸਲ ਲੋੜ ਤੋਂ ਵਾਧੂ ਸੀ॥ |
| | ਬੱਚਿਆਂ ਦੇ ਖੇਡਣ ਲਈ ਅਤੇ ਸਿਨੀਅਰਾਂ ਲਈ ਖੁੱਲ੍ਹੀ ਜਗ੍ਹਾ ਬਾਰੇ ਚਿੰਤਤ ਹਨ | ਅਰਜ਼ੀ ਦੇਣ ਵਾਲੇ ਵੱਲੋਂ, ਅਰਜ਼ੀ ਦੇਣ ਦੇ ਅਮਲ ਦੇ ਹਿੱਸੇ ਵਜੋਂ, ਆਵਾਜਾਈ ਸੰਬੰਧੀ ਮੁੱਢਲਾ ਮੁਲਾਂਕਣ ਪੇਸ਼ ਕਰਨਾ ਅਤੇ ਆਵਾਜਾਈ ਯੋਜਨਾਬੰਦੀ ਵੱਲੋਂ ਪਰਵਾਨ ਹੋਣਾ ਜ਼ਰੂਰੀ ਲੋੜੀਂਦਾ ਸੀ ਜਿਸ ਵਿੱਚ ਆਵਾਜਾਈ ਸੰਬੰਧੀ ਯੋਜਨਾਬੰਦੀ  ਨੇ ਕੋਈ ਚਿੰਤਾ ਪਰਗਟ ਨਹੀਂ ਕੀਤੀ ਸੀ।<br><br>ਵਿਕਾਸ ਪਰਮਿਟ ਪੜਾਅ ਮੌਕੇ ਆਵਾਜਾਈ ਬਾਰੇ ਪੈਣ ਵਾਲੇ ਪ੍ਰਭਾਵ ਦਾ ਮੁਲਾਂਕਣ ਲੋੜੀਂਦਾ ਹੋਵੇਗਾ। |
| ਮੌਜੂਦਾ ਵਰਤੋਂ ਅਤੇ ਨਜ਼ਦੀਕੀ ਢਾਂਚਿਆਂ ਦੇ ਪ੍ਰਭਾਵ | ਪਾਰਕਿੰਗ ਅਤੇ ਵੱਧ ਭੀੜ ਸੰਬੰਧੀ ਆਸ ਕੀਤੀਆਂ ਜਾਂਦੀਆਂ ਚਣੌਤੀਆਂ ‘ਤੇ ਵੱਧੀ ਹੋਈ ਮਾਤਰਾ ਦੇ ਪ੍ਰਭਾਵ ਸੰਬੰਧੀ ਘੱਣਤਾ ਬਾਰੇ ਸਰੋਕਾਰ | ਇਸ ਅਰਜ਼ੀ ਦੇ ਹਿੱਸੇ ਵਜੋਂ, ਅਰਜ਼ੀ ਦੇਣ ਵਾਲੇ ਵੱਲੋਂ ਆਵਾਜਾਈ ਸੰਬੰਧੀ ਮੁੱਢਲਾ ਮੁਲਾਂਕਣ ਪੇਸ਼ ਕਰਨਾ ਅਤੇ ਆਵਾਜਾਈ ਯੋਜਨਾਬੰਦੀ ਵੱਲੋਂ ਪਰਵਾਨ ਕਰਨਾ ਲੋੜੀਂਦਾ ਸੀ ਜਿਸ ਵਿੱਚ ਯੋਜਨਾਬੰਦੀ ਵੱਲੋਂ ਕੋਈ ਚਿੰਤਾ ਨਹੀਂ ਜ਼ਾਹਰ ਨਹੀਂ ਕੀਤੀ ਗਈ।<br><br>ਵਿਕਾਸ ਪਰਮਿਟ ਪੜਾਅ ਦੌਰਾਨ ਆਵਾਜਾਈ ਦੇ ਪ੍ਰਭਾਵ ਦਾ ਮੁਲਾਂਕਣ ਪੇਸ਼ ਕਰਨਾ ਲੋੜੀਂਦਾ ਹੋਵੇਗਾ। |
| | ਉੱਤਰ ਦੇਣ ਵਾਲੇ ਕਈ ਜੈਨਿਸਿਜ਼ ਸੈਂਟਰ ‘ਤੇ ਪੈਣ ਵਾਲੇ ਸੰਭਾਵੀ ਨਾਕਾਰਤਮਕ ਪ੍ਰਭਾਵ ਬਾਰੇ ਚਿੰਤਤ ਹਨ। | ਭੋਂ ਦੀ ਵਰਤੋਂ ਸੰਬੰਧੀ ਤਜਵੀਜ਼ ਸੰਬੰਧੀ ਗੱਲਬਾਤ ਵਿੱਚ ਜੈਨਿਸਿਜ਼ ਸੈਂਟਰ ਸ਼ਾਮਲ ਸੀ। |
| ਸਿਟੀ ਵੱਲੋਂ ਅਮਲ | ਸਿਟੀ ਵੱਲੋਂ ਅਪਣਾਏ ਗਏ ਅਮਲਾਂ, ਜਿੰਨ੍ਹਾਂ ਵਿੱਚ ਭੋਂ ਦੀ ਵਿਕਰੀ, ਜ਼ੋਨਿੰਗ ਅਤੇ ਜਦੋਂ ਫੈਸਲਿਆਂ ਨੂੰ ਪ੍ਰਭਾਵਤ ਕਰਨ ਦੀ ਯੋਗਤਾ ਹੋਵੇ, ਸੰਬੰਧੀ ਸਰੋਕਾਰ। | ਅਗੱਸਤ 2017 ਦੇ ਸੈਸ਼ਨਾਂ ਦੌਰਾਨ ਮੁਹੱਈਆ ਕੀਤੀ ਗਈ ਜਾਣਕਾਰੀ ਦੁਆਰਾ ਭਾਈਚਾਰੇ ਦੇ ਰਿਹਾਇਸ਼ੀਆਂ ਵਾਸਤੇ ਯੋਜਨਾਬੰਦੀ ਦੇ ਅਮਲ ਨੂੰ ਸਪੱਸ਼ਟ ਕਰ ਦਿੱਤਾ ਸੀ। ਫੀਡਬੈਕ ਦੇ ਆਧਾਰ ‘ਤੇ ਸਿੱਖੇ ਗਏ ਸਬਕ ਇਸ ਇਲਾਕੇ ਅੰਦਰ ਭਵਿੱਖ ਵਿਚ ਮਸਲਿਆਂ ‘ਤੇ ਪ੍ਰਭਾਵ ਪਾਉਣਗੇ। |

ਮੁਹੱਈਆ ਕੀਤੀ ਗਈ ਰਾਏ ਦਾ ਵਿਸਤਰਤ ਸੰਖੇਪ, ਅਖਸ਼ਰਿਕ ਰਾਏ ਸਮੇਤ, ਵੇਖਣ ਲਈ ਮੁਕੰਮਲ ਰਿਪੋਰਟ ਜੁੜਣ ਲਈ http://engage.calgary.ca/martindale ‘ਤੇ ਜਾਉ।

(Page 3)

## ਅਸਾਂ ਕੀ ਪੁਛਿਆ ਸੀ (ਫ਼ੀਡਬੈਕ ਫ਼ਾਰਮ)

ਭੋਂ ਦੀ ਵਰਤੋਂ ਦੀ ਪੁਨਰਰਚਣਾ ਬਾਰੇ ਵਿਚਾਰ ਵਟਾਂਦਰਾ ਕਰਨ ਤੋਂ ਇਲਾਵਾ, ਕੌਂਸਲ ਦੇ ਮਤੇ ਤੋਂ ਪੈਦਾ ਹੋਣ ਵਾਲੇ ਆਵਾਜਾਈ ਦੇ ਸਰੋਕਾਰਾਂ ਬਾਰੇ ਵਿਸੇਸ਼ ਤੌਰਤੇ ਜਾਣਕਾਰੀ ਮੁਹੱਈਆ ਕਰਨ ਲਈ ਸ਼ਾਮਲ ਹੋਣ ਵਾਲਿਆਂ ਨੂੰ ਫ਼ੀਡਬੈਕ ਫ਼ਾਰਮ ਮੁਕੰਮਲ ਕਰਨ ਲਈ ਕਿਹਾ ਗਿਆ ਸੀ। ਕੁੱਲ ਮਿਲਾ ਕੇ 262 ਪੇਸ਼ ਕੀਤੇ ਗਏ ਸਨ।

ਅਸਾਂ ਕੀ ਪੁਛਿਆ ਸੀ: ਚੱਲਣ-ਫ਼ਿਰਨ, ਬਾਈਕਿੰਗ, ਪਾਰਕਿੰਗ ਅਤੇ ਆਵਾਜਾਈ ਬਾਰੇ ਤੁਹਾਡੇ ਭਾਈਚਾਰੇ ਅੰਦਰ ਕੀ ਸਰੋਕਾਰ ਹਨ?

| ਉੱਚ-ਪੱਧਰੀ ਥੀਮ | ਉਦਾਹਰਨ |
|---|---|
| ਪਾਰਕਿੰਗ | ਜੈਨਿਸਿਜ਼ ਸੈਂਟਰ ਵਿਖੇ ਵਿਸੇਸ਼ ਮੌਕਿਆਂ ਤੇ ਪਾਰਕਿੰਗ ਲਈ ਜਗ੍ਹਾ ਦੀ ਘਾਟ |
| | ਹਾਊਜ਼ਿੰਗ ਡਵੈਲਪਮੁੰਟ ਨਾਲ ਕਾਰਾਂ ਵੱਧ ਜਾਣਗੀਆਂ ਅਤੇ ਪਾਰਕਿੰਗ ਜਗ੍ਹਾ ਘਟ ਜਾਵੇਗੀ |
| ਅਧਿਕ ਭੀੜ | ਇਹ ਇਲਾਕਾ ਪਹਿਲਾਂ ਹੀ ਭਾਰੀ ਭੀੜ ਵਾਲਾ ਹੈ। ਭਾਰੀ ਟ੍ਰੈਫ਼ਿਕ ਨਾਲ ਟ੍ਰੈਫ਼ਿਕ ਦੇ ਵੱਧ ਮਸਲੇ ਪੈਦਾ ਹੋਣਗੇ |
| | ਹੋਰ ਬਿਲਡਿੰਗਾਂ ਬਣਨ ਨਾਲ ਭੀੜ ਵਧ ਜਾਵੇਗੀ। |
| | ਸੈਡਲਟਾਊਨ ਟ੍ਰੈਫ਼ਿਕ ਸਰਕਲ ਵਿਖੇ ਪਹਿਲਾਂ ਹੀ ਬਹੁਤ ਭੀੜ ਹੁੰਦੀ ਹੈ ਅਤੇ ਅਸੁਰੱਖਿਅਤ ਹੈ। |
| ਚੱਲਣਾ-ਫ਼ਿਰਨਾ ਅਤੇ ਬਾਈਕੰਗ | ਵਧੇਰੇ ਪਾਥਵੇਜ਼ ਲੋੜੀਂਦੇ ਹਨ |

ਅਧਿਕ ਥੀਮ ਜਿੰਨ੍ਹਾਂ ਦੀ ਸ਼ਨਾਖ਼ਤ ਫ਼ੀਡਬੈਕ ਫ਼ਾਰਮ ਅਤੇ ਔਨਲਾਈ ਸਰਵੇਖਣ ਰਾਹੀਂ ਹੋਈ ਸੀ ਅਤੇ ਅਜਿਹੇ ਥੀਮ ਜਿਹੜੇ ਸਿੱਧੇ ਤੌਰਤੇ ਪ੍ਰਸ਼ਨ ਨਾਲ ਸੰਬੰਧਤ ਨਹੀਂ ਸਨ ਉਨ੍ਹਾਂ ਵਿੱਚ ਜੈਨਿਸਿਜ਼ ਸੈਂਟਰ ਲਈ ਹਰਿਆਲੀ, ਘਣਤਾ ਅਤੇ ਜਗ੍ਹਾ ਸ਼ਾਮਲ ਹੈ।

| ਤੁਸੀਂ ਕਿਹੜੇ ਭਾਈਚਾਰੇ ਅੰਦਰ ਰਹਿੰਦੇ ਹੋ? | ਪ੍ਰਾਪਤ ਹੋਏ ਉੱਤਰਾਂ ਦੀ ਗਿਣਤੀ |
|---|---|
| ਮਾਰਟਿਨਡੇਲ | 26 |
| ਸੈਡਲ ਰਿੱਜ | 15 |
| ਤਾਰਾਡੇਲ | 12 |
| ਦੂਜੇ | 12 |

**ਲੋਕਾਂ ਨੂੰ ਜਾਣਕਾਰੀ ਦੇ ਸੈਸ਼ਨਾਂ ਬਾਰੇ ਕਿਵੇਂ ਪਤਾ ਲੱਗਾ ਸੀ?**

- ਭਾਈਚਾਰੇ ਵਿੱਚ ਆਲੇ-ਦੁਆਲੇ ਦੂਰੋਂ ਦਿਸਦੇ ਬੋਰਡ (ਸਾਈਨ) 1 ਤੋਂ 18 ਅਗੱਸਤ ਤੀਕ ਲੱਗੇ ਰਹੇ।
- ਮਾਰਟਿਨਡੇਲ, ਸੈਡਲ ਰਿੱਜ ਅਤੇ ਤਾਰਾਡੇਲ ਦੇ 13,000 ਨਿਵਾਸੀਆਂ ਨੂੰ ਚਿੱਠੀਆਂ ਪਾਈਆਂ ਗੱਈਆਂ
- ਐਨਗੇਜ ਪੋਰਟਲ 10 ਤੋਂ 18 ਅਗੱਸਤ ਤੀਕ ਖੁੱਲ੍ਹੀ ਰੱਖੀ ਗਈ
- ਸੋਸ਼ਲ ਮੀਡੀਏ ਦੁਆਰਾ ਮੁਹਿੰਮ:
    - ਫ਼ੇਸਬੁੱਕ : 28 ਜੁਲਾਈ ਤੋਂ 17 ਅਗੱਸਤ ਤੀਕ ਇਸ਼ਤਿਹਾਰ ਜਾਰੀ ਰਿਹਾ
    - ਟਵਿੱਟਰ: @ cityofcalgary ਕਾਰਪੋਰੇਟ ਅਕਾਊਂਟ ਤੋ ਇੱਕ ਟਵੀਟ, ਅਤੇ @nextycityyc ਤੋਂ ਚਾਰ ਟਵੀਟ

## ਅਗਲੇ ਕਦਮ

ਕੌਂਸਲ ਵੱਲੋਂ ਭੇਜੇ ਗਏ: ਇਸ ਦਸਤਾਵੇਜ਼ ਰਾਹੀਂ ਜ਼ਾਤੀ ਤੌਰਤੇ ਹਾਜ਼ਰ ਹੋਣ ਵਾਲੇ ਈਵੈਂਟਾਂ ਅਤੇ ਔਨਲਾਈਨ ਦੇ ਗੱਲਬਾਤ ਕਰਨ ਲਈ ਮੇਜ਼ਾਂ ਤੋਂ ਇਕੱਤਰ ਕੀਤੀਆਂ ਗੱਈਆਂ ਟਿੱਪਣੀਆਂ ਅਤੇ ਇੱਕ ਪੂਰਕ ਰਿਪੋਰਟ ਕੌਂਸਲ ਨੂੰ ਮੁਹੱਈਆ ਕੀਤੀ ਜਾ ਰਹੀ ਹੈ ਤਾਂਜੋ ਭੋਂ ਦੀ ਵਰਤੋਂ ਦੇ ਪੁਨਰਰਚਣਾ ਦੀ ਤਜਵੀਜ਼ ਸੰਬੰਧੀ ਉਸ ਨੂੰ ਫੈਸਲਾ ਵਿੱਚ ਮਦਦ ਮਿਲ ਸਕੇ।

ਪੈਦਾ ਹੋਣ ਵਾਲਾ ਮਤਾ: ਮੁੱਹਈਆ ਕੀਤੀ ਗਈ ਫ਼ੀਡਬੈਕ ਦੀ ਨਜ਼ਰਸਾਨੀ ਕੀਤੀ ਜਾਵੇਗੀ ਅਤੇ ਵਰਕ ਪਲੈਨ ਅਤੇ ਜੁੜਨ ਲਈ ਰਣਨੀਤੀ ਦਾ ਵਿਕਾਸ ਕਰਨ ਲਈ ਇਸ ਦੀ ਵਰਤੋਂ ਕੀਤੀ ਜਾਵੇਗੀ। ਪ੍ਰਸ਼ਾਸਨ ਸੰਭਾਵੀ ਉਪਾਵਾਂ ਅਤੇ ਸੰਬੰਧਤ ਬਜਟ ਦੇ ਖ਼ਰਚਿਆਂ ਬਾਰੇ 2018 ਦੇ ਪਹਿਲੇ ਚਾਰ ਮਹੀਨਿਆਂ ਦੇ ਅੰਤ ਤੋਂ ਪਹਿਲਾਂ ਪਹਿਲਾਂ  ਕੌਂਸਲ ਨੂੰ ਰਿਪੋਰਟ ਭੇਜੇਗਾ।